ਪੰਜਾਬ ਸਟੇਟ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿਸਟਰਡ ਆਫਿਸ, ਪੀ.ਐਸ.ਈ.ਬੀ., ਹੈੱਡ ਆਫਿਸ, ਦੀ ਮਾਲ, ਪਟਿਆਲਾ- 147001, ਪੰਜਾਬ )
ਕਾਰਪੋਰੇਟ ਆਡੈਂਟਟੀ ਨੰਬਰ:U40109PB2010SGC033814

# ਜਨਤਕ ਨੋਟਿਸ

**ਸੀ.ਆਰ.ਏ. 07/2020 ਵਿਰੁੱਧ ਸਹਾਇਕ ਲਾਈਨਮੈਨ (ਏ.ਐਲ.ਐਮ.) ਅਤੇ ਸੀ.ਆਰ.ਏ. 09/2021 ਵਿਰੁੱਧ ਸਹਾਇਕ ਸਬ-ਸਟੇਸ਼ਨ ਅਟੈਂਡੈਂਟ (ਏ.ਐਸ.ਐਸ.ਏ) ਦੀ ਅਸਾਮੀਆਂ ਲਈ ਅਪਲਾਈ ਕੀਤੇ ਉਮੀਦਵਾਰਾਂ ਦੀ ਬਣਦੀ Application fees Offline Mode ਰਾਹੀਂ ਵਾਪਿਸ ਕਰਨ ਸਬੰਧੀ**

ਪੰਜਾਬ ਸਟੇਟ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਟੀ.ਸੀ.ਐਲ.), ਦੁਆਰਾ ਸੀ.ਆਰ.ਏ. 07/2020 ਅਤੇ ਸੀ.ਆਰ.ਏ. 09/2021 ਅਧੀਨ ਸਹਾਇਕ ਲਾਈਨਮੈਨ ਅਤੇ ਸਹਾਇਕ ਸਬ-ਸਟੇਸ਼ਨ ਅਟੈਂਡੈਂਟ ਦੀ ਅਸਾਮੀਆਂ ਲਈ ਅਪਲਾਈ ਕੀਤੇ ਉਮੀਦਵਾਰਾਂ ਨੂੰ application fee ਵਾਪਿਸ ਕਰਨ ਸੰਬੰਧੀ ਪੀ.ਐਸ.ਟੀ.ਸੀ.ਐਲ. ਵੱਲੋਂ ਬਣਾਏ ਗਏ ਫੀਸ ਵਾਪਿਸੀ ਲਈ Online Portal Link "Online Portal for fees refund for the posts advertised against CRA-07/2020 (A.L.M.) & CRA-09/2021 (ASSA)" ਜੋ ਕਿ ਪੀ.ਐਸ.ਟੀ.ਸੀ.ਐਲ. ਦੀ ਵੈਬਸਾਈਟ www.pstcl.org ਤੇ ਪਹਿਲਾਂ ਮਿਤੀ 01.09.2021 ਤੋਂ 28.10.2021 ਤੱਕ ਅਤੇ ਦੁਬਾਰਾ 05.07.2024 ਤੋਂ 21.09.2024 ਤੱਕ Live ਕੀਤਾ ਗਿਆ ਸੀ ।

ਪ੍ਰੰਤੂ Online Portal for fees refund for the posts advertised against CRA-07/2020 (A.L.M.) & CRA-09/2021 (ASSA) ਤੇ ਬਹੁਤ ਹੀ ਘੱਟ ਉਮੀਦਵਾਰਾਂ ਵੱਲੋਂ ਅਪਲਾਈ ਕੀਤਾ ਗਿਆ ਹੈ । ਇਸ ਲਈ ਇਸ ਜਨਤਕ ਨੋਟਿਸ ਰਾਹੀਂ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਵਿਸ਼ਾ ਚਰਚਿਤ ਦੋਵੇਂ ਸੀ.ਆਰ.ਏਜ਼. ਅਧੀਨ ਉਮੀਦਵਾਰਾਂ ਜਿਨ੍ਹਾਂ ਵੱਲੋਂ ਫੀਸ ਵਾਪਿਸੀ ਲਈ Online Portal ਰਾਹੀਂ ਅਪਲਾਈ ਨਹੀਂ ਕੀਤਾ ਗਿਆ ਸੀ, ਉਹ ਉਮੀਦਵਾਰ ਇਹ ਜਨਤਕ ਨੋਟਿਸ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ ਇੱਕ ਸਾਲ ਦੇ ਅੰਦਰ-ਅੰਦਰ ਕਿਸੇ ਵੀ ਕੰਮ ਕਾਜ ਵਾਲੇ ਦਿਨ (ਸਮਾਂ 10:00 ਵਜੇ ਤੋਂ 03:00 ਵਜੇ ਤੱਕ) ਭਰਤੀ ਭਾਗ, ਸ਼ਕਤੀ ਸਦਨ, ਹੈਡ ਆਫਿਸ ਪਟਿਆਲਾ ਦੇ ਦਫਤਰ ਵਿਖੇ ਆਕੇ ਆਪਣੀ ਭਰੀ ਹੋਈ ਫੀਸ Cheque ਰਾਹੀਂ ਪ੍ਰਾਪਤ ਕਰ ਸਕਦੇ ਹਨ।

ਨੋਟ:-

1) ਇਹ ਜਨਤਕ ਨੋਟਿਸ ਜਾਰੀ ਹੋਣ ਤੋਂ ਇੱਕ ਸਾਲ ਤੋਂ ਬਾਅਦ ਫੀਸ ਵਾਪਿਸੀ ਲਈ ਕਿਸੇ ਉਮੀਦਵਾਰ ਦਾ ਬਿਨੈ ਪੱਤਰ ਵਿਚਾਰਿਆ ਨਹੀਂ ਜਾਵੇਗਾ ਅਤੇ ਇੱਕ ਸਾਲ ਤੋਂ ਬਾਅਦ ਕਿਸੇ ਉਮੀਦਵਾਰ ਦੀ ਫੀਸ ਵਾਪਸ ਨਹੀਂ ਕੀਤੀ ਜਾਵੇਗੀ ।
2) ਉਮੀਦਵਾਰਾਂ ਨੂੰ ਸਲਾਹ ਕੀਤੀ ਜ਼ਾਂਦੀ ਹੈ ਕਿ ਸੀ.ਆਰ.ਏ 07/2020 ਅਤੇ 09/2021 ਅਧੀਨ ਅਪਲਾਈ ਕੀਤੇ application form ਦੀ ਕਾਪੀ, Aadhar card ਦੀ ਕਾਪੀ ਨਾਲ ਲਿਆਈ ਜਾਵੇ।
3) ਇਸ ਜਨਤਕ ਨੋਟਿਸ ਨਾਲ ਨੱਥੀ ਫਾਰਮ ਨੂੰ ਭਰ ਕੇ ਲਿਆਉਣਾ ਯਕੀਨੀ ਬਣਾਇਆ ਜਾਵੇ।

ਮਿਤੀ: 12.12.2024

ਉਪ ਮੁੱਖ ਇੰਜੀ:/ਐਚ.ਆਰ ਤੇ ਪ੍ਰਬੰਧਕੀ,
ਪੀ.ਐੱਸ.ਟੀ.ਸੀ.ਐੱਲ.,ਪਟਿਆਲਾ

## Offline Mode ਰਾਹੀਂ ਫੀਸ ਵਾਪਿਸੀ ਲਈ ਫਾਰਮ

| | | |
|---|---|---|
| 1) | ਉਮੀਦਵਾਰ ਦਾ ਨਾਂ | |
| 2) | ਪਿਤਾ ਦਾ ਨਾਂ | |
| 3) | ਪਤਾ | |
| 4) | ਮੋਬਾਇਲ ਨੰਬਰ | |
| 5) | ਜਿਸ ਅਸਾਮੀ ਲਈ ਅਪਲਾਈ ਕੀਤਾ | |
| 6) | ਸੀ.ਆਰ.ਏ (07/2020 ਜਾਂ 09/2021) | |
| 7) | ਐਪਲੀਕੇਸ਼ਨ ਰਜਿਸਟਰੇਸ਼ਨ ਨੰਬਰ | |
| 8) | ਕੈਟਾਗਿਰੀ | |
| 9) | ਐਪਲੀਕੇਸ਼ਨ ਫੀਸ | |

ਮੈਂ ਤਸਦੀਕ ਕਰਦਾ/ਕਰਦੀ ਹਾਂ ਕਿ ਮੇਰੇ ਵੱਲੋਂ ਉਪਰੋਕਤ ਅਨੁਸਾਰ ਭਰੀ ਗਈ ਜਾਣਕਾਰੀ ਸਹੀਂ ਵਾ ਦਰੁਸਤ ਹੈ ਅਤੇ ਮੇਰੇ ਵੱਲੋਂ ਸੀ.ਆਰ.ਏ 07/2020 ਅਤੇ 09/2021 ਅਧੀਨ ਫੀਸ ਵਾਪਸੀ ਲਈ ਪਹਿਲਾਂ ਅਪਲਾਈ ਨਹੀਂ ਕੀਤਾ ਗਿਆ ਅਤੇ ਨਾ ਹੀ ਕੋਈ ਫੀਸ ਵਾਪਸ ਹੋਈ ਹੈ । ਜੇਕਰ ਮੈਨੂੰ ਇੱਕ ਰਜਿਸਟਰੇਸ਼ਨ ਨੰਬਰ ਵਿਰੁੱਧ ਦੋਹਰੀ ਫੀਸ ਪ੍ਰਾਪਤ ਹੁੰਦੀ ਹੈ ਤਾਂ ਮੈਂ ਉਸ ਨੂੰ ਵਾਪਿਸ ਕਰਨ ਦਾ ਪਾਬੰਦ ਹੋਵਾਂਗਾ/ਹੋਵਾਂਗੀ।

ਬਿਨੈਕਾਰ ਦੇ ਹਸਤਾਖਰ

### ਪ੍ਰਾਪਤੀ ਰਸੀਦ

ਮੈਂ ____________________ ਪੁੱਤਰ/ਪੁੱਤਰੀ ______________________ ਨੇ ਸੀ.ਆਰ.ਏ ________ ਅਧੀਨ ਅਪਲਾਈ ਕੀਤੀ ਫੀਸ __________ ਅੱਜ ਮਿਤੀ _________ ਨੂੰ ਚੈੱਕ ਨੰ __________ ਮਿਤੀ _______ ਰਾਹੀਂ ਪ੍ਰਾਪਤ ਕਰ ਲਈ ਹੈ ।

ਬਿਨੈਕਾਰ ਦੇ ਹਸਤਾਖਰ